ਸੂਚਨਾ ਤੇ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ, ਸੰਗਰੂਰ

# ਮੋਗਾ ਤੋਂ ਗਏ ਸ਼ਰਧਾਲੂਆਂ ਨੇ ਰੇਲ ਗੱਡੀ 'ਚ ਕੀਤੀ ਭਜਨ ਬੰਦਗੀ

- **ਯਾਤਰੂਆਂ ਨੇ ਗੁਣਵੱਤਾ ਭਰਪੂਰ ਖਾਣੇ ਦਾ ਮਾਣਿਆ ਆਨੰਦ**
- **ਯਾਤਰਾ ਕਰ ਰਹੇ ਸ਼ਰਧਾਲੂ ਕਰ ਰਹੇ ਹਨ ਪੰਜਾਬ ਸਰਕਾਰ ਦਾ ਧੰਨਵਾਦ**

ਮੋਗਾ 12 ਫ਼ਰਵਰੀ:

'ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ ' ਸਕੀਮ ਤਹਿਤ ਯਾਤਰਾ 'ਤੇ ਗਏ ਮੋਗਾ ਜ਼ਿਲ੍ਹੇ ਦੇ ਹਲਕਾ ਧਰਮਕੋਟ ਦੇ ਸ਼ਰਧਾਲੂਆਂ ਨੇ ਰੇਲ ਗੱਡੀ 'ਚ ਭਜਨ ਬੰਦਗੀ ਕੀਤੀ ਅਤੇ ਬਹੁਤ ਸਾਰੇ ਸ਼ਰਧਾਲੂਆਂ ਨੇ ਮਾਲਾ ਫ਼ੇਰ ਕੇ ਪ੍ਰਮਾਤਮਾ ਦਾ ਨਾਮ ਸਿਮਰਨ ਕੀਤਾ। ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਦਾ ਤੋਹਫਾ ਦਿੱਤਾ ਗਿਆ ਹੈ ਅਤੇ ਪੰਜਾਬ ਸਰਕਾਰ ਦੀ ਇਸ ਸਕੀਮ ਦਾ ਲਾਭ ਪ੍ਰਾਪਤ ਕਰਦੇ ਹੋਏ ਜਿੱਥੇ ਸੂਬੇ ਦੇ ਵੱਖ-ਵੱਖ ਜਿਲ੍ਹੇਆਂ ਦੇ ਹਜ਼ਾਰਾਂ ਲੋਕ ਸ੍ਰੀ ਨਾਦੇੜ ਸਾਹਿਬ, ਵਾਰਾਨਸੀ, ਅਜਮੇਰ ਸਰੀਫ਼ ਆਦਿ ਧਾਰਮਿਕ ਸਥਾਨਾਂ ਦੇ ਦਰਸਨ ਕਰ ਚੁੱਕੇ ਹਨ, ਉਥੇ ਪੰਜਾਬ ਸਰਕਾਰ ਵੱਲੋਂ ਵੀਰਵਾਰ 11 ਫ਼ਰਵਰੀ ਨੂੰ ਮੋਗਾ ਤੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਦਰਸਨਾਂ ਲਈ ਮੁੱਖ ਮੰਤਰੀ ਤੀਰਥ ਯਾਤਰਾ ਲਈ ਰੇਲ ਗੱਡੀ ਰਵਾਨਾ ਕੀਤੀ ਗਈ।

ਪੰਜਾਬ ਸਰਕਾਰ ਵੱਲੋਂ ਚਲਾਈ ਗਈ ਇਹ ਵਿਸ਼ੇਸ ਰੇਲ ਗੱਡੀ ਦਿੱਲੀ ਤੋਂ ਹੁੰਦੇ ਹੋਏ ਅੱਜ 12 ਫ਼ਰਵਰੀ ਨੂੰ ਸਵੇਰੇ ਭੋਪਾਲ (ਮੱਧ ਪ੍ਰਦੇਸ਼) ਪਹੁੰਚੀ। ਇਸ ਰੇਲ ਵਿੱਚ ਯਾਤਰੀਆਂ ਦੀ ਹਰ ਸੁਖ-ਸੁਵਿਧਾ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਦੁਪਹਿਰ, ਰਾਤ ਅਤੇ ਸਵੇਰ ਵੇਲੇ ਵਧੀਆ ਭੋਜਨ ਦਿੱਤਾ ਗਿਆ।

**ਵਧੀਆ ਗੁਣਵੱਤਾ ਵਾਲਾ ਯਾਤਰੀਆਂ ਨੂੰ ਦਿੱਤਾ ਗਿਆ ਭੋਜਨ-** ਇਸ ਗੱਡੀ 'ਚ ਸ਼ਰਧਾਲੂਆਂ ਨਾਲ ਸਫ਼ਰ ਕਰ ਰਹੇ ਖੇਤੀਬਾੜੀ ਮੰਤਰੀ ਜੱਥੇਦਾਰ ਤੋਤਾ ਸਿੰਘ ਦੇ ਨਿੱਜੀ ਸਹਾਇਕ ਰਾਜਿੰਦਰ ਸਿੰਘ ਡੱਲਾ ਨੇ ਦੱਸਿਆ ਕਿ ਇਸ ਰੇਲ ਗੱਡੀ ਦੇ ਸਾਰੇ ਯਾਤਰੀਆਂ ਲਈ ਗੁਣਵੱਤਾ ਭਰਪੂਰ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਦਾ ਯਾਤਰੀਆਂ ਨੇ ਭਰਪੂਰ ਆਨੰਦ ਮਾਣਿਆ। ਇਸ ਤੋਂ ਇਲਾਵਾ ਸਾਰੇ ਯਾਤਰੀਆਂ ਨੂੰ ਰਾਤ ਵੇਲੇ ਕੇਸਰ-ਯੁਕਤ ਦੁੱਧ ਵੀ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਸਾਰੇ ਯਾਤਰੂ ਬਹੁਤ ਹੀ ਖੁਸ਼ ਨਜ਼ਰ ਆ ਰਹੇ ਹਨ।

**ਪ੍ਰਭੂ ਦੇ ਰੰਗ ਵਿੱਚ ਰੰਗੀ ਰਹੀ ਰੇਲ ਗੱਡੀ-** ਯਾਤਰਾ ਨਾਲ ਜਾ ਰਹੇ ਖੇਤੀਬਾੜੀ ਵਿਕਾਸ ਅਫ਼ਸਰ ਜਸਵਿੰਦਰ ਸਿੰਘ ਬਰਾੜ, ਚੇਅਰਮੈਨ ਜੋਗਿੰਦਰ ਸਿੰਘ ਅਤੇ ਹਰਦਿਆਲ ਸਿੰਘ ਨੇ ਦੱਸਿਆ ਕਿ ਧਾਰਮਿਕ ਯਾਤਰਾ ਲਈ ਸ੍ਰੀ ਹਜ਼ੂਰ

ਸਾਹਿਬ ਗਈ ਰੇਲ ਗੱਡੀ ਰਸਤੇ ਵਿੱਚ ਵੀ ਪ੍ਰਭੂ ਦੇ ਰੰਗ ਵਿੱਚ ਹੀ ਰੰਗੀ ਰਹੀ। ਸਰਧਾਲੂਆਂ ਨੇ ਪ੍ਰਮਾਤਮਾ ਦੀ ਭਜਨ ਬੰਦਗੀ ਦਾ ਆਨੰਦ ਮਾਣਿਆ।

**ਯਾਤਰੀ ਕਰ ਰਹੇ ਹਨ ਪੰਜਾਬ ਸਰਕਾਰ ਦਾ** ਧੰਨਵਾਦ-ਹਲਕਾ ਧਰਮਕੋਟ ਦੇ ਪਿੰਡ ਖੰਬਾ ਦੀ 60 ਸਾਲਾ ਵਿੱਦਿਆ ਦੇਵੀ ਦੇ ਦੱਸਿਆ ਕਿ ਉਹ ਪਹਿਲੀ ਵਾਰ ਸ੍ਰੀ ਹਜੂਰ ਸਾਹਿਬ ਦੇ ਦਰਸ਼ਨਾਂ ਲਈ ਜਾ ਰਹੀ ਹੈ।ਉਸ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਉਚੇਚੇ ਉਪਰਾਲੇ ਸਦਕਾ ਹੀ ਇਹ ਸੰਭਵ ਹੋਇਆ ਹੈ, ਜਿਸ ਸਦਕਾ ਉਹ ਮੁੱਖ ਮੰਤਰੀ ਪੰਜਾਬ ਸ. ਪਰਕਾਸ਼ ਸਿੰਘ ਬਾਦਲ ਦਾ ਧੰਨਵਾਦ ਕਰਦੀ ਨਹੀਂ ਥੱਕਦੀ। ਇਸੇ ਤਰ੍ਹਾਂ ਪਿੰਡ ਮੰਦਰ ਦੇ ਬਲਵੰਤ ਸਿੰਘ ਵੀ ਪਹਿਲੀ ਵਾਰ ਹੀ ਦਰਸ਼ਨਾਂ ਲਈ ਜਾ ਰਹੇ ਹਨ ਅਤੇ ਉਨ੍ਹਾਂ 'ਚ ਵੀ ਇਸ ਯਾਤਰਾ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

---------

ਨੰ: ਪੀ.ਆਰ(ਪ੍ਰੈ ਰੀ)2016/78

**ਫ਼ੋਟੋ ਕੈਪਸ਼ਨ-** 'ਮੁੱਖ ਮੰਤਰੀ ਤੀਰਥ ਦਰਸ਼ਨ ਯਾਤਰਾ' ਦੌਰਾਨ ਰੇਲ ਗੱਡੀ 'ਚ ਸ਼ਰਧਾਲੂ ਭਜਨ ਬੰਦਗੀ ਕਰਦੇ ਹੋਏ।



